# ਮੈਡੀਕਲ ਵਿੱਤੀ ਸਹਾਇਤਾ ਨੀਤੀ ਦਾ ਸਾਰ

Kaiser Permanente ਕੋਲ ਮੈਡੀਕਲ ਵਿੱਤੀ ਸਹਾਇਤਾ (MFA) ਪ੍ਰੋਗਰਾਮ ਹੈ ਜੋ ਮਰੀਜ਼ਾਂ ਦੀ ਸਿਹਤ ਸੰਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ। ਇਹ Kaiser Permanente ਵੱਲੋਂ ਪ੍ਰਦਾਨ ਕਰਵਾਈ ਜਾਣ ਵਾਲੀ ਜ਼ਰੂਰੀ ਸਿਹਤ ਸੰਭਾਲ, ਦਵਾਈ ਸਮੇਤ, ਤੁਹਾਡੀਆਂ ਸਾਰੀਆਂ ਜਾਂ ਕੁਝ ਲਾਗਤਾਂ ਨੂੰ ਕਵਰ ਕਰ ਸਕਦਾ ਹੈ। ਮਦਦ ਪ੍ਰਾਪਤ ਕਰਨਾ ਵਿੱਤੀ ਲੋੜ 'ਤੇ ਨਿਰਭਰ ਕਰਦਾ ਹੈ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ।

### ਕੌਣ ਯੋਗ ਹੁੰਦਾ ਹੈ?

ਤੁਸੀਂ ਯੋਗ ਹੋ ਸਕਦੇ ਹੋ ਜੇਕਰ ਤੁਹਾਡੀ ਆਮਦਨੀ ਘੱਟ ਹੈ, ਬੀਮਾ-ਰਹਿਤ ਜਾਂ ਘੱਟ ਬੀਮੇ ਵਾਲੇ ਹੋ। ਆਮ ਤੌਰ 'ਤੇ, ਤੁਸੀਂ ਵਿੱਤੀ ਮਦਦ ਲਈ ਇਹਨਾਂ ਹਾਲਤਾਂ ਵਿੱਚ ਯੋਗ ਹੁੰਦੇ ਹੋ:

- ਜੇਕਰ ਤੁਹਾਡੇ ਟੱਬਰ ਦੀ ਆਮਦਨ ਸੰਘੀ ਗਰੀਬੀ ਦਿਸ਼ਾ-ਨਿਰਦੇਸ਼ਾਂ ਦੇ 300% ਦੇ ਪੱਧਰ 'ਤੇ ਹੈ ਜਾਂ ਘੱਟ ਹੈ
- ਜਾਂ ਜੇਕਰ ਤੁਹਾਡੀ ਆਮਦਨੀ ਦੇ ਮੁਕਾਬਲੇ ਤੁਹਾਡੀ ਮੈਡੀਕਲ ਲਾਗਤ ਬਹੁਤ ਜ਼ਿਆਦਾ ਹੈ

### ਪ੍ਰੋਗਰਾਮ ਕਿਸ ਲਈ ਭੁਗਤਾਨ ਕਰੇਗਾ?

MFA ਪ੍ਰੋਗਰਾਮ Kaiser Permanente ਦੁਆਰਾ ਪ੍ਰਦਾਨ ਕੀਤੀ ਲੋੜੀਂਦੀ ਸੰਭਾਲ ਲਈ ਭੁਗਤਾਨ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਸ ਵਿੱਚ ਐਮਰਜੈਂਸੀ ਅਤੇ ਜ਼ਰੂਰੀ ਸੰਭਾਲ ਅਤੇ ਫਾਰਮੇਸੀ ਸੇਵਾਵਾਂ ਸ਼ਾਮਲ ਹਨ। ਪ੍ਰੋਗਰਾਮ ਪੂਰਾ ਬਿੱਲ ਜਾਂ ਇਸਦੇ ਕੁਝ ਹਿੱਸੇ ਨੂੰ ਕਵਰ ਕਰ ਸਕਦਾ ਹੈ।

ਪ੍ਰੋਗਰਾਮ ਇਹਨਾਂ ਲਈ ਭੁਗਤਾਨ ਨਹੀਂ ਕਰੇਗਾ:

- ਮੈਡੀਕਲ ਆਵਾਜਾਈ
- ਸਿਹਤ ਸੰਭਾਲ ਪ੍ਰੀਮੀਅਮ
- ਕਾਸਮੈਟਿਕ ਸਰਜਰੀ, ਬਾਂਝਪਨ ਦਾ ਇਲਾਜ, ਜਾਂ ਸਰੋਗੇਸੀ ਨਾਲ ਸਬੰਧਤ ਲਾਗਤਾਂ
- Kaiser Permanente ਦੇ ਬਾਹਰ ਪ੍ਰਦਾਨ ਕੀਤੀ ਸਿਹਤ ਸੰਭਾਲ
- ਅਜਿਹੀ ਸੰਭਾਲ ਜੋ Kaiser Permanente ਪ੍ਰਦਾਤਾ ਫੈਸਲਾ ਕਰਦਾ ਹੈ ਕਿ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਸੀ

ਪੂਰੀ ਸੂਚੀ ਲਈ, kp.org/mfa 'ਤੇ MFA ਨੀਤੀ ਪੜ੍ਹੋ।

### ਮੈਂ ਅਰਜ਼ੀ ਕਿਵੇਂ ਦੇਵਾਂ?

ਤੁਸੀਂ ਔਨਲਾਈਨ, ਡਾਕ ਰਾਹੀਂ, ਫੈਕਸ ਦੁਆਰਾ ਜਾਂ ਵਿਅਕਤੀਗਤ ਤੌਰ 'ਤੇ ਅਰਜ਼ੀ ਦੇ ਸਕਦੇ ਹੋ। ਅਰਜੀ ਦੇਣ ਦਾ ਸਭ ਤੋਂ ਤੇਜ਼ ਤਰੀਕਾ ਹੈ kp.org/mfa 'ਤੇ ਜਾਣਾ ਅਤੇ ਸਾਡੀ ਸੁਰੱਖਿਅਤ ਔਨਲਾਈਨ ਅਰਜੀ ਲਈ ਲਿੰਕ ਪ੍ਰਾਪਤ ਕਰਨ ਲਈ ਸਾਈਨ ਅੱਪ ਕਰਨਾ। ਔਨਲਾਈਨ ਅਰਜੀ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਕਈ ਸਵਾਲ ਪੁੱਛੇਗੀ।

ਤੁਸੀਂ kp.org/mfa 'ਤੇ ਖਾਲੀ ਅਰਜੀ ਵੀ ਪ੍ਰਾਪਤ ਕਰ ਸਕਦੇ ਹੋ।

ਤੁਸੀਂ ਦਾਖਲੇ ਜਾਂ ਬਿਲਿੰਗ ਪ੍ਰਕਿਰਿਆ ਵਿੱਚ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ। ਮਦਦ ਮੰਗਣ ਲਈ ਤੁਹਾਨੂੰ ਬਿਲ ਦੀ ਉਡੀਕ ਨਹੀਂ ਕਰਨੀ ਪੈਂਦੀ।

ਕੁਝ ਮਾਮਲਿਆਂ ਵਿੱਚ, MFA ਪ੍ਰੋਗਰਾਮ ਤੁਹਾਡੀ ਸੰਭਾਲ ਲਈ ਤੁਹਾਡੇ ਵੱਲੋਂ ਅਰਜੀ ਦਿੱਤੇ ਬਿਨਾਂ ਹੀ ਭੁਗਤਾਨ ਕਰਨ ਵਿੱਚ ਮਦਦ ਕਰ ਸਕਦਾ ਹੈ।

ਜੇਕਰ ਤੁਸੀਂ ਮਦਦ ਲਈ ਯੋਗ ਹੋ, ਤਾਂ ਅਸੀਂ ਤੁਹਾਡੇ ਤੋਂ ਸੰਭਾਲ ਲਈ ਆਮ ਤੌਰ 'ਤੇ ਬਿਲ ਕੀਤੀ ਗਈ ਰਕਮ (AGB) ਤੋਂ ਵੱਧ ਚਾਰਜ ਨਹੀਂ ਲਵਾਂਗੇ। ਹੋਰ AGB ਜਾਣਕਾਰੀ ਲਈ kp.org/mfa ਨੂੰ ਵੇਖੋ।

### ਅਰਜ਼ੀ ਦੇਣ ਲਈ ਮੈਨੂੰ ਕਿਹੜੀ ਜਾਣਕਾਰੀ ਦੀ ਲੋੜ ਪਵੇਗੀ?

ਜਦੋਂ ਤੁਸੀਂ ਅਰਜ਼ੀ ਦਿੰਦੇ ਹੋ ਤਾਂ ਤੁਹਾਨੂੰ ਹੇਠ ਲਿਖੀ ਜਾਣਕਾਰੀ ਲਈ ਕਿਹਾ ਜਾਵੇਗਾ:

- ਟੱਬਰ ਵਿਚਲੇ ਸਾਰੇ ਬਾਲਗਾਂ ਦੇ ਟੱਬਰ ਦਾ ਆਕਾਰ ਅਤੇ ਆਮਦਨੀ ਦੀ ਜਾਣਕਾਰੀ
- ਸਿਹਤ ਸੰਭਾਲ ਦੇ ਖਰਚੇ, ਜੇਕਰ ਪਤਾ ਹੋਣ
- ਆਮਦਨੀ ਦਾ ਸਬੂਤ

ਆਮਦਨੀ ਦਾ ਸਬੂਤ ਪ੍ਰਦਾਨ ਕਰਨਾ ਸਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ ਕਿ ਕੀ ਤੁਸੀਂ ਯੋਗ ਹੋ।



KAISER PERMANENTE®

(ਅਗਲੇ ਹਿੱਸੇ ਤੋਂ ਅੱਗੇ ਜਾਰੀ ਹੈ)

**ਮੈਨੂੰ ਕਦੋਂ ਪਤਾ ਲੱਗੇਗਾ ਕਿ ਮੇਰੀ ਅਰਜ਼ੀ ਮਨਜ਼ੂਰ ਹੋ ਗਈ ਹੈ?**
ਜੇਕਰ ਤੁਹਾਡੀ ਅਰਜ਼ੀ ਪੂਰੀ ਹੋ ਜਾਂਦੀ ਹੈ, ਤਾਂ ਅਸੀਂ ਤੁਹਾਨੂੰ 30 ਕਾਰੋਬਾਰੀ ਦਿਨਾਂ ਦੇ ਅੰਦਰ ਸਾਡੇ ਫੈਸਲੇ ਦੇ ਨਾਲ ਇੱਕ ਪੱਤਰ ਭੇਜਾਂਗੇ। ਜੇਕਰ ਅਸੀਂ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰਦੇ ਹਾਂ, ਤਾਂ ਚਿੱਠੀ ਵਿੱਚ ਅਪੀਲ ਕਰਨ ਦੇ ਤਰੀਕੇ ਬਾਰੇ ਨਿਰਦੇਸ਼ ਸ਼ਾਮਲ ਹੋਣਗੇ।

ਜੇਕਰ ਤੁਹਾਡੀ ਅਰਜ਼ੀ ਅਧੂਰੀ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਤੁਹਾਨੂੰ ਇੱਕ ਮਿਤੀ ਦੇਵਾਂਗੇ ਜਿਸ ਤੱਕ ਤੁਹਾਨੂੰ ਖੁੰਝੀ ਹੋਈ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਜੇਕਰ ਤੁਹਾਡੀ ਅਰਜ਼ੀ ਅਧੂਰੀ ਰਹਿੰਦੀ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਵਿੱਤੀ ਮਦਦ ਨਾ ਮਿਲੇ।

**ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?**
ਤੁਸੀਂ ਹੋਰ ਜਾਣਕਾਰੀ ਅਤੇ MFA ਨੀਤੀ ਅਤੇ ਅਰਜੀ ਨੂੰ kp.org/mfa ਤੋਂ ਪ੍ਰਾਪਤ ਕਰ ਸਕਦੇ ਹੋ। ਜਾਣਕਾਰੀ ਸਕ੍ਰੀਨ ਰੀਡਰ ਦੇ ਪਹੁੰਚਯੋਗ ਫਾਰਮੈਟ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ। ਤੁਸੀਂ **1-844-412-0919** (TTY **711**) 'ਤੇ ਵੀ ਕਾਲ ਕਰ ਸਕਦੇ ਹੋ।

## ਹੋਰ ਵਿੱਤੀ ਮਦਦ

**ਸਿਹਤ ਸੰਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਪ੍ਰਾਪਤ ਕਰੋ**
ਜੇਕਰ ਤੁਹਾਡੇ ਕੋਲ ਸਿਹਤ ਸੰਭਾਲ ਕਵਰੇਜ ਨਹੀਂ ਹੈ, ਤਾਂ Kaiser Permanente ਮਦਦ ਕਰ ਸਕਦਾ ਹੈ। ਆਪਣੇ ਵਿਕਲਪਾਂ ਬਾਰੇ ਜਾਣਨ ਲਈ, ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ, **1-800-479-5764** (TTY **711**) 'ਤੇ ਕਾਲ ਕਰੋ।

**ਰਹਿਣ-ਸਹਿਣ ਦੇ ਖਰਚਿਆਂ ਲਈ ਮਦਦ ਪ੍ਰਾਪਤ ਕਰੋ**
ਜੇਕਰ ਤੁਹਾਨੂੰ ਭੋਜਨ, ਰਿਹਾਇਸ਼, ਇੰਟਰਨੈੱਟ ਜਾਂ ਹੋਰ ਸਹੂਲਤਾਂ ਲਈ ਭੁਗਤਾਨ ਕਰਨ ਅਤੇ ਹੋਰ ਬਹੁਤ ਕੁਝ ਲਈ ਮਦਦ ਦੀ ਲੋੜ ਹੈ, ਤਾਂ kp.org/socialhealth 'ਤੇ ਜਾਓ। ਜਾਂ ਕਮਿਊਨਿਟੀ ਸਪੋਰਟ ਹੱਬ ਨੂੰ **1-800-443-6328** (TTY **711**), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਕਾਲ ਕਰੋ।

## MFA ਨੀਤੀ, ਅਰਜੀ ਅਤੇ ਪ੍ਰੋਗਰਾਮ ਦੀ ਜਾਣਕਾਰੀ ਦੀਆਂ ਕਾਪੀਆਂ ਕਿਵੇਂ ਪ੍ਰਾਪਤ ਕੀਤੀਆਂ ਜਾਣ

**ਔਨਲਾਈਨ**
kp.org/mfa

**ਫ਼ੋਨ**
**1-844-412-0919** (TTY **711**) 'ਤੇ ਕਾਲ ਕਰੋ

## ਅਰਜੀ ਦੇਣ ਦੇ ਤਰੀਕੇ

**ਔਨਲਾਈਨ ਅਰਜੀ ਦਿਓ**
kp.org/mfa

**ਫੈਕਸ ਕਰੋ**
ਆਪਣੀ ਪੂਰੀ ਕੀਤੀ ਅਰਜ਼ੀ ਨੂੰ 1-855-414-1713 'ਤੇ ਫੈਕਸ ਕਰੋ

**ਡਾਕ ਰਾਹੀਂ ਭੇਜੋ**
ਆਪਣੀ ਪੂਰੀ ਹੋਈ ਅਰਜ਼ੀ ਨੂੰ ਡਾਕ ਰਾਹੀਂ ਇੱਥੇ ਭੇਜੋ:
Kaiser Permanente
MFA Program
2101 East Jefferson Street
Rockville, MD 20852

**ਇੱਥੇ ਦਿਓ**
ਆਪਣੀ ਪੂਰੀ ਕੀਤੀ ਅਰਜ਼ੀ ਨੂੰ ਕਿਸੇ ਵੀ Kaiser Permanente ਮੈਡੀਕਲ ਕੇਂਦਰ ਵਿਖੇ ਮੈਂਬਰ ਸੇਵਾਵਾਂ ਨੂੰ ਦਿਓ।

©Kaiser Foundation Hospitals; Mid-Atlantic States ਦਾ Kaiser Foundation Health Plan

# NOTICE OF LANGUAGE ASSISTANCE SERVICES

**English:** If you need help in your language, language assistance is available at no cost to you, 24 hours a day, 7 days a week (closed holidays). Call our Member Service Contact Center at 1-800-464-4000 (TTY 711) for help or visit any registration desk for more information at any Kaiser Permanente hospital, Monday through Friday, 8 a.m. to 5 p.m. Aids and services for people with disabilities, like documents in braille, large print, audio, and other accessible electronical formats are also available.

**Chinese**：如果您需要使用您的语言获得帮助，我们每周 7 天、每天 24 小时免费提供语言帮助（节假日休息）。请致电 1-800-464-4000 (TTY 711) 联络我们的会员服务联络中心以寻求帮助，或前往任何 Kaiser Permanente 医院的登记台了解更多信息，我们的服务时间为周一至周五上午 8 点至下午 5 点。我们还为残疾人提供辅助工具和服务，例如盲文、大字体、音频和其他无障碍电子格式的文档。

**Spanish:** Si necesita ayuda en su idioma, contamos con asistencia de idiomas sin costo alguno para usted las 24 horas del día, los 7 días de la semana (excepto los días festivos). Comuníquese con nuestra Central de Llamadas de Servicio a los Miembros al 1-800-464-4000 (TTY 711) para obtener ayuda. O visite el mostrador de recepción en cualquier hospital de Kaiser Permanente para obtener más información, de lunes a viernes, de 8 a. m. a 5 p. m. También ofrecemos ayudas y servicios para personas con discapacidades, como documentos en braille, letra grande, audio y otros formatos electrónicos accesibles.